# ਦਫਤਰ ਮੈਡੀਕਲ ਸੁਪਰਡੈਂਟ ਗੁਰੂ ਨਾਨਕ ਦੇਵ ਹਸਪਤਾਲ,ਅੰਮ੍ਰਿਤਸਰ।

ਨੰਬਰ / 12326 ਸਾਈਕਲ ਸਟੈਂਡ　　　　　　　　　　　　ਮਿਤੀ 22/10/19

## ਨਿਲਾਮੀ ਨੋਟਿਸ

ਪੰਜਾਬ ਸਰਕਾਰ ਮੈਡੀਕਲ ਸਿੱਖਿਆ ਖੋਜ ਵਿਭਾਗ ਵੱਲੋ ਪੱਤਰ ਨੰਬਰ 11/40/06-4ਐਚ. ਬੀ.3/917 ਮਿਤੀ 18/02/2008 ਰਾਹੀ ਜਾਰੀ ਕੀਤੀ ਪਾਲਿਸੀ,ਹਦਾਇਤਾਂ ਦੇ ਸਨਮੁੱਖ ਗੁਰੂ ਨਾਨਕ ਦੇਵ ਹਸਪਤਾਲ ਕੰਪਲੈਂਸ ਮਜੀਠਾ ਰੋਡ ਅੰਮ੍ਰਿਤਸਰ , ਉ.ਪੀ.ਡੀ ਗੇਟ ਦੇ ਬਾਹਰ ਖਾਲੀ ਜਗਾਂ ਅਤੇ ਸ਼ੈਡ ਅਤੇ ਬੇਬੇ ਨਾਨਕੀ ਦੀ ਬੈਂਕ ਸਾਇਡ ਤੇ ਖਾਲੀ ਜਗਾਂ ਅਤੇ ਰਾਮ ਲਾਲ ਆਈ ਤੇ ਈ.ਐਨ .ਟੀ .ਹਸਪਤਾਲ ਅੰਮ੍ਰਿਤਸਰ ਵਿਖੇ ਸਾਈਕਲ/ਸਕੂਟਰ ਅਤੇ ਕਾਰ ਪਾਰਕਿੰਗ ਸਟੈਂਡ ਨੂੰ ਠੇਕੇ ਤੇ ਦੇਣ ਲਈ ਨਿਲਾਮੀ ਖੁੱਲੀ ਬੋਲੀ (OPEN AUCTION) ਰਾਹੀ ਨਿਮਨਹਸਤਾਖਰ ਦੇ ਦਫਤਰ ਵਿਖੇ ਮਿਤੀ 13/11/2019 ਦਿਨ ਬੁੱਧਵਾਰ ਨੂੰ ਸਵੇਰੇ 11 ਵਜੇ ਰੱਖੀ ਜਾਦੀ ਹੈ । ਸਾਈਕਲ ਸਟੈਂਡ ਨੂੰ ਠੇਕੇ ਤੇ ਦੇਣ ਲਈ ਰਿਜਰਵ ਕੀਮਤ 3803100/-ਰੁਪੈ(ਅਠੱਤੀ ਲੱਖ ਤਿੰਨ ਹਜਾਰ ਇੱਕ ਸੋ ਕੇਵਲ) ਪ੍ਰਤੀ ਸਾਲ ਜਮਾਂ ਟੈਕਸ ਸਰਕਾਰ ਵੱਲੋ ਨਿਰਧਾਰਿਤ ਕੀਤੇ ਅਨੁਸਾਰ ਹੋਵੇਗੀ । ਖੁੱਲੀ (Open Auction)ਬੋਲੀ ਵਿਚ ਹਿੱਸਾ ਲੈਣ ਲਈ ਬੋਲੀ ਕਰਤਾ ਵੱਲੋ 4 ਲੱਖ ਰੁਪੈ(ਚਾਰ ਲੱਖ ਰੁਪੈ) ਦਾ ਡਿਮਾਂਡ ਡਰਾਫਟ ਮੈਡੀਕਲ ਸੁਪਰਡੈਂਟ ਗੁਰੂ ਨਾਨਕ ਦੇਵ ਹਸਪਤਾਲ ਕੰਪਲੈਂਕਸ ਅੰਮ੍ਰਿਤਸਰ ਦੇ ਨਾਮ ਤੇ ਬਿਆਨੇ ਵੱਜੋ ਜਮਾਂ ਕਰਵਾਉਣਾ ਲਾਜਮੀ ਹੋਵੇਗਾ । ਬੋਲੀਕਾਰ ਵੱਲੋ ਡਿਮਾਂਡ ਡਰਾਫਟ ਦੇ ਨਾਲ ਅਧਾਰ ਕਾਰਡ ਅਤੇ ਪੈਨ ਕਾਰਡ ਜਮਾਂ ਕਰਵਾਉਣਾ ਲਾਜਮੀ ਹੋਵੇਗਾ । ਠੇਕੇ ਦੀ ਮਿਆਦ ਤਿੰਨ ਸਾਲ ਲਈ ਹੋਵੇਗੀ ਅਤੇ ਪਹਿਲੇ ਸਾਲ ਲਈ ਵੱਧ ਤੋ ਵੱਧ ਪ੍ਰਾਪਤ ਹੋਣ ਵਾਲੀ ਬੋਲੀ ਵਿੱਚ 5% ਵਾਧਾ ਹਰੇਕ ਸਾਲ ਕੀਤਾ ਜਾਵੇਗਾ ।ਜੇਕਰ ਨਿਲਾਮੀ ਵਾਲੇ ਦਿਨ ਅਚਨਚੇਤ ਛੁੱਟੀ ਘੋਸ਼ਿਤ ਹੋ ਜਾਦੀ ਹੈ ਤਾਂ ਨਿਲਾਮੀ ਅਗਲੇ ਦਿਨ ਉਸੇ ਸਮੇਂ ਅਤੇ ਸਥਾਨ ਤੇ ਹੋਵੇਗੀ । ਠੇਕੇ ਦੀਆਂ ਸ਼ਰਤਾਂ ਨਿਮਨਹਸਤਾਖਰ ਦੇ ਦਫਤਰ ਵਿਖੇ ਕੰਮ ਕਾਜ ਵਾਲੇ ਦਿਨ ਦਫਤਰੀ ਸਮੇਂ ਦੋਰਾਨ ਜਾਂ ਵੈਬ ਸਾਈਟ www.gmc.edu.in ਤੇ ਵੇਖੀਆਂ ਜਾ ਸਕਦੀਆਂ ਹਨ । ਬੋਲੀ ਪ੍ਰਵਾਨ ਹੋਣ ਤੇ ਬੋਲੀਕਾਰ ਨੂੰ ਛੇ ਮਹੀਨੇ ਦੀਆਂ ਕਿਸਤਾਂ ਜਮਾਨਤੀ ਰੱਕਮ ਵੱਜੋ ਇੱਕ ਹਫਤੇ ਦੇ ਅੰਦਰ- ਅੰਦਰ ਜਮਾਂ ਕਰਵਾਉਣੀ ਹੋਵੇਗੀ। । ਅਜਿਹਾ ਨਾ ਕਰਨ ਦੀ ਸੂਹਰਤ ਵਿੱਚ ਬਿਆਨੇ ਦੀ ਰਾਸ਼ੀ ਜਪਤ ਕਰ ਲਈ ਜਾਵੇਗੀ ਅਤੇ ਅਗਲੇ ਬੋਲੀਕਾਰ ਦੇ ਨਾਲ ਠੇਕੇ ਦੇਣ ਲਈ ਕਾਰਵਾਈ ਕੀਤੀ ਜਾਵੇਗੀ। ਸਫਲ ਬੋਲੀ ਕਰਤਾ ਵੱਲੋ ਇਸ ਸੰਸਥਾ ਨਾਲ ਐਗਰੀਮੈਂਟ ਹਸਤਾਖਰ ਕਰਨਾ ਲਾਜ਼ਮੀ ਹੋਵੇਗਾ ।

ਬੋਲੀ ਪ੍ਰਵਾਨ ਕਰਨ ਜਾਂ ਨਾਂ ਕਰਨ ਦੇ ਅਧਿਕਾਰ ਚੇਅਰਮੈਨ ਨੂੰ ਹੋਵੇਗਾ ।

21/10/19

ਮੈਡੀਕਲ ਸੁਪਰਡੈਂਟ,

ਗੁਰੂ ਨਾਨਕ ਦੇਵ ਹਸਪਤਾਲ ਕੰਪਲੈਂਕਸ,

ਅੰਮ੍ਰਿਤਸਰ,

ਦਫਤਰ ਮੈਡੀਕਲ ਸੁਪਰਡੈਂਟ, ਗੁਰੂ ਨਾਨਕ ਦੇਵ ਹਸਪਤਾਲ ਕੰਪਲੈਕਸ,ਅੰਮ੍ਰਿਤਸਰ,

ਐਗਰੀਮੈਂਟ

ਗੁਰੂ ਨਾਨਕ ਦੇਵ ਹਸਪਤਾਲ ਕੰਪਲੈਕਸ,ਮਜੀਠਾ ਰੋਡ ਅੰਮ੍ਰਿਤਸਰ,ਅਤੇ ਰਾਮ ਲਾਲ ਅੱਖਾ ਅਤੇ ਕੰਨਾ ਦਾ ਹਸਪਤਾਲ ਦਾ ਸਾਈਕਲ /ਸਕੂਟਰ/ਕਾਰ ਪਾਰਕਿੰਗ ਸਟੈਂਡ ਠੇਕੇ ਤੇ ਦੇਣ ਸਬੰਧੀ ।

1) ਬੋਲੀ ਵਿੱਚ ਭਾਗ ਲੈਣ ਲਈ ਬੋਲੀਕਾਰ ਨੂੰ 4 ਲੱਖ ਰੁਪੈ ਦਾ ਬੈਂਕ ਡਰਾਫਟ ਮੈਡੀਕਲ ਸੁਪਰਡੈਂਟ, ਗੁਰੂ ਨਾਨਕ ਦੇਵ ਹਸਪਤਾਲ ਕੰਪਲੈਕਸ,ਅੰਮ੍ਰਿਤਸਰ ਦੇ ਨਾਮ ਤੇ ਬਿਆਨੇ ਵੱਜੋ ਜਮਾਂ ਕਰਵਾਉਣਾ ਲਾਜਮੀ ਹੋਵੇਗਾ ।

2) ਬੋਲੀ ਕਾਰ ਡਿਮਾਂਡ ਡਰਾਫਟ ਦੇ ਨਾਲ ਅਧਾਰ ਕਾਰਡ ਅਤੇ ਪੈਨ ਕਾਰਡ ਜਮਾਂ ਕਰਵਾਉਣਾ ਵੀ ਲਾਜਮੀ ਹੋਵੇਗਾ ।

3 ਸਾਈਕਲ ਸਟੈਂਡ ਨੂੰ ਠੇਕੇ ਤੇ ਦੇਣ ਲਈ ਰਿਜਰਵ ਕੀਮਤ 3803100/-ਰੁਪੈ(ਅਠੁੱਤੀ ਲੱਖ ਤਿੰਨ ਹਜਾਰ ਇੱਕ ਸੋ ਕੇਵਲ) ਪ੍ਰਤੀ ਸਾਲ ਜਮਾਂ ਟੈਕਸ( ਸਰਕਾਰ ਵੱਲੋ ਨਿਰਧਾਰਿਤ ਕੀਤੇ ਅਨੁਸਾਰ )ਹੋਵੇਗੀ ।

4) ਛੇ ਮਹੀਨਾ ਦਾ ਕ਼ਿਰਾਈਆਂ ਅਡਵਾਸ ਲਿਆ ਜਾਵੇਗਾ ।

5) ਸਫਲ ਬੋਲੀਕਾਰ ਠੇਕੇ ਅੱਗੇ ਕਿਸੇ ਹੋਰ ਪਾਰਟੀ ਨੂੰ ਸਬਲੈਟ ਨਹੀ ਕਰੇਗਾ ।

6) ਠੇਕੇਦਾਰ ਵੱਲੋ ਉਪਰੋਕਤ ਸ਼ਰਤਾਂ ਦਾ ਐਗਰੀਮੈਂਟ ਕੀਤਾ ਜਾਵੇਗਾ ।

7) ਠੇਕੇਦਾਰ ਨੂੰ ਬਾਕੀ ਰਕਮ ਦੀ 50% ਦੀ ਬੈਕ ਗਰੰਟੀ ਦੇਣੀ ਪਵੇਗੀ ।

8) ਪ੍ਰਿਸੀਪਲ ਸਰਕਾਰੀ ਮੈਡੀਕਲ ਕ਼ਾਲਜ ਅੰਮ੍ਰਿਤਸਰ ਕਮ ਚੈਅਰਮੈਨ ਆਕਸ਼ਨ ਕਮੇਟੀ ਜੀ ਨੂੰ ਬਿਨਾਂ ਨੋਟਿਸ ਦਿੱਤੇ ਬੋਲੀ ਪ੍ਰਵਾਨ ਕਰਨ ਜਾ ਨਾਂ ਕਰਨ /ਰੱਦ ਕਰਨ ਅਧਿਕਾਰ ਰਾਖਵਾ ਹੋਵੇਗਾ ।

ਮੈਡੀਕਲ ਸੁਪਰਡੈਟ
ਗੁਰੂ ਨਾਨਕ ਦੇਵ ਹਸਪਤਾਲ ਕੰਪਲੈਕਸ
ਅਮ੍ਰਿਤਸਰ।

24/10/19